ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮਾਰਕਫੈਡ ਵੱਲੋਂ ਘਰੇਲੂ ਲੋੜਾਂ ਦੀ ਪੂਰਤੀ ਲਈ ਘਰ-ਘਰ ਸਪਲਾਈ ਸ਼ੁਰੂ

ਫੋਨ ਉਤੇ ਆਰਡਰ ਕਰਕੇ ਘਰ ਬੈਠੇ ਜ਼ਰੂਰੀ ਵਸਤਾਂ ਪ੍ਰਾਪਤ ਕਰੋ-ਗੁਰਪ੍ਰੀਤ ਸਿੰਘ

ਅੰਮ੍ਰਿਤਸਰ, 10 ਅਪ੍ਰੈਲ (            )-

ਕਰਫਿਊ ਦੀ ਸਥਿਤੀ ਵਿਚ ਅੰਮ੍ਰਿਤਸਰ ਦੇ ਲੋਕਾਂ ਨੂੰ ਸੁਰੱਖਿਅਤ ਵਸਤਾਂ ਮੁਹੱਈਆ ਕਰਵਾਉਣ ਦੇ ਇਰਾਦੇ ਨਾਲ ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈਡ ਨੇ ਲੋਕਾਂ ਦੀ ਮੰਗ ਉਤੇ ਘਰ-ਘਰ ਵਸਤਾਂ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਮਾਰਕਫੈਡ ਦੇ ਜ਼ਿਲਾ ਮੈਨੇਜਰ ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਏਸ਼ੀਆ ਦੇ ਸਭ ਤੋਂ ਵੱਡੇ ਸਹਿਕਾਰੀ ਅਦਾਰੇ, ਜੋ ਕਿ ਸਿੱਧੇ ਤੌਰ ਉਤੇ ਉਤਪਾਦਕ ਨਾਲ ਜੁੜਿਆ ਹੋਇਆ ਹੈ, ਤੋਂ ਕਰਿਆਨੇ ਦਾ ਸਮਾਨ ਜਿਵੇਂ ਕਿ ਖੰਡ, ਘਿਉ, ਦਾਲਾਂ, ਹਲਦੀ, ਅਚਾਰ, ਮੁਰੱਬੇ, ਸੌਸ ਸਸਤੇ ਤੇ ਸ਼ੁਧ ਮਿਲਦੇ ਹਨ। ਉਨਾਂ ਕਿਹਾ ਕਿ ਪਹਿਲਾਂ ਇਹ ਵਸਤਾਂ ਕੇਵਲ ਸਾਡੇ ਸਟੋਰ ਵਿਚੋਂ ਹੀ ਖਰੀਦ ਕੀਤੇ ਜਾ ਸਕਦੇ ਸਨ, ਪਰ ਹੁਣ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਦੀਆਂ ਹਦਾਇਤਾਂ ਉਤੇ ਅਸੀਂ ਘਰ-ਘਰ ਪਹੁੰਚਾਉਣੇ ਸ਼ੁਰੂ ਕਰ ਦਿੱਤੇ ਹਨ।

ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਾਡੇ ਇਕ ਸਟੋਰ ਤੋਂ ਰਣਜੀਤ ਐਵੀਨਿਊ, ਗਰੀਨ ਐਵੀਨਿਊ, ਮੈਡੀਕਲ ਇਨਕਲੇਵ, ਫਤਿਹਗੜ• ਚੂੜੀਆਂ ਰੋਡ ਅਤੇ ਅਜਨਾਲਾ ਰੋਡ ਉਤੇ ਵਸੀਆਂ ਕਾਲੋਨੀਆਂ ਵਿਚ ਵਸਤਾਂ ਸਪਲਾਈ ਕਰ ਰਹੀ ਹੈ ਅਤੇ ਦੂਸਰੇ ਸਟੋਰ ਤੋਂ ਪ੍ਰਤਾਪ ਨਗਰ, ਸੰਤ ਨਗਰ, ਸੁਲਤਾਨਵਿੰਡ ਰੋਡ, ਨਿਊ ਅੰਮ੍ਰਿਤਸਰ, ਰਜਿੰਦਰ ਨਗਰ ਤੇ ਜੀ ਟੀ ਰੋਡ ਜਲੰਧਰ ਵਾਲੇ ਪਾਸੇ ਵੱਸੀਆਂ ਕਾਲੋਨੀਆਂ ਵਿਚ ਵਸਤਾਂ ਦੀ ਸਪਲਾਈ ਸ਼ੁਰੂ ਕੀਤੀ ਹੈ। ਉਨਾਂ ਕਿਹਾ ਕਿ ਇਸ ਲਈ ਉਕਤ ਇਲਾਕਿਆਂ ਦੇ ਵਾਸੀ ਸਾਡੇ ਫੋਨ ਨੰਬਰ 81465-25040 ਅਤੇ 83609-46880 ਉਤੇ ਫੋਨ ਕਰਕੇ ਆਰਡਰ ਨੋਟ ਕਰਵਾਇਆ ਜਾ ਸਕਦਾ ਹੈ।

ਕੈਪਸ਼ਨ ----

ਘਰ-ਘਰ ਕਰਿਆਨਾ ਸਪਲਾਈ ਕਰਨ ਲਈ ਮਾਰਕਫੈਡ ਦੀਆਂ ਗੱਡੀਆਂ ਰਵਾਨਾ ਕਰਨ ਮੌਕੇ ਮਾਰਕਫੈਡ ਦੇ ਜਿਲਾ ਮੈਨੇਜਰ ਸ. ਗੁਰਪ੍ਰੀਤ ਸਿੰਘ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਵਲੰਟੀਅਰਾਂ ਨੇ ਕੀਤਾ ਪੰਜਾਬ ਪੁਲਿਸ ਦਾ ਕੰਮ ਅਸਾਨ-ਪੁਲਿਸ ਕਮਿਸ਼ਨਰ

ਜਿਲੇ ਵਿਚ 350 ਤੋਂ ਵੱਧ ਵਲੰਟੀਅਰ ਪੰਜਾਬ ਪੁਲਿਸ ਨਾਲ ਕਰ ਰਹੇ ਹਨ ਕੰਮ

ਅੰਮ੍ਰਿਤਸਰ, 10 ਅਪ੍ਰੈਲ (        )-

ਪੰਜਾਬ ਪੁਲਿਸ ਨੇ ਕੋਵਿਡ -19 ਸਬੰਧੀ ਰਾਹਤ ਕਾਰਜਾਂ ਦੀ ਪ੍ਰਭਾਵੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਡਾਇਲ 112 ਵਰਕਰ ਫੋਰਸ ਵਿਚ ਵਲੰਟੀਅਰਾਂ ਨੂੰ ਸ਼ਾਮਿਲ ਕੀਤਾ ਹੈ, ਜਿਸ ਸਦਕਾ ਪੁਲਿਸ ਨੂੰ ਇਨਾਂ ਨੌਜਵਾਨਾਂ ਦਾ ਸਾਥ ਮਿਲਣ ਨਾਲ ਨਾ ਕੇਵਲ ਲੋੜਵੰਦ ਲੋਕਾਂ ਤੱਕ ਪਹੁੰਚ ਸੌਖੀ ਹੋਈ ਹੈ, ਬਲਿਕ ਰਾਤ ਨੂੰ ਕਰਫਿਊ ਲਾਗੂ ਕਰਵਾਉਣ ਵਿਚ ਵੀ ਇਹ ਵਲੰਟੀਅਰ ਸਹਾਇਤਾ ਕਰ ਰਹੇ ਹਨ। ਉਕਤ ਜਾਣਕਾਰੀ ਦਿੰਦੇ ਕਮਿਸ਼ਨਰ ਪੁਲਿਸ ਡਾ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਅੰਮ੍ਰਿਤਸਰ ਸਿਟੀ ਵਿਚ 270 ਅਤੇ ਅੰਮ੍ਰਿਤਸਰ ਦਿਹਾਤੀ ਵਿਚ 83 ਵਲੰਟੀਅਰ ਪੁਲਿਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਹਨ। ਉਨਾਂ ਦੱਸਿਆ ਕਿ ਪੰਜਾਬ ਵਿਚ ਅੰਮ੍ਰਿਤਸਰ ਜਿਲੇ ਨੂੰ ਪਾਇਲਟ ਪ੍ਰਾਜੈਕਟ ਵਜੋਂ ਇਹ ਕੰਮ ਦਿੱਤਾ ਗਿਆ ਸੀ, ਜਿਸ ਵਿਚ ਚੰਗੀ ਸਫਲਤਾ ਪੁਲਿਸ ਨੂੰ ਮਿਲੀ ਹੈ।

ਉਨਾਂ ਜਿਲੇ ਦੇ ਹੋਰ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਵਲੰਟੀਅਰ ਵਜੋਂ ਆਪਣੇ ਆਪ ਨੂੰ ਪੁਲਿਸ ਕੋਲ ਦਰਜ ਕਰਵਾਉਣ, ਤਾਂ ਜੋ ਇਸ ਔਖੇ ਸਮੇਂ ਪੁਲਿਸ ਦਾ ਸਾਥ ਦੇ ਕੇ ਸਮਾਜ ਦਾ ਭਲਾ ਕੀਤਾ ਜਾ ਸਕੇ।

ਡਾ. ਗਿਲ ਨੇ ਦੱਸਿਆ ਕਿ ਇਹ ਡਾਇਲ 112 ਵਲੰਟੀਅਰ ਪੁਲਿਸ ਨੂੰ ਰਾਸ਼ਨ ਪੈਕਟ ਤਿਆਰ ਕਰਨ ਅਤੇ ਉਨਾਂ ਦੀ ਵੰਡ, ਟ੍ਰੈਫਿਕ ਨਿਯੰਤਰਣ ਅਤੇ ਕਰਫਿਊ ਲਾਗੂ ਕਰਵਾਉਣ, ਐਮਰਜੈਂਸੀ ਡਾਕਟਰੀ ਸਹਾਇਤਾ / ਦਵਾਈਆਂ ਮੁਹੱਈਆ ਕਰਵਾਉਣਾ, ਸੈਨੇਟਰੀ ਪੈਡਾਂ ਦੀ ਵੰਡ ਅਤੇ ਡਿਊਟੀ ਤੇ ਤਾਇਨਾਤ ਪੁਲਿਸ ਕਰਮੀਆਂ ਲਈ ਖਾਣੇ ਦੇ ਪੈਕੇਟ ਵੰਡਣ ਸਮੇਤ ਕਈ ਕੰਮਾਂ ਵਿੱਚ ਸਹਾਇਤਾ ਕਰ ਰਹੇ ਹਨ। ਉਨਾਂ ਦੱਸਿਆ ਕਿ ਵਲੰਟੀਅਰਾਂ ਅਤੇ ਪੁਲਿਸ ਮੁਲਾਜ਼ਮਾਂ ਦੇ ਸਹਿਯੋਗ ਨਾਲ ਪਿੰਡ ਵਾਸੀ ਵੀ ਕਈ ਇਲਾਕਿਆਂ ਵਿਚ ਸਵੈਇੱਛਤ ਤਾਲਾਬੰਦੀ ਨੂੰ ਯਕੀਨੀ ਬਣਾ ਰਹੇ ਹਨ। ਉਨਾਂ ਸਵੈ ਇੱਛਾ ਨਾਲ ਸਮਾਜ ਸੇਵਾ ਲਈ ਅੱਗੇ ਆਉਣ ਵਾਲੇ ਜਵਾਨਾਂ ਦਾ ਧੰਨਵਾਦ ਕਰਦੇ ਕਿਹਾ ਕਿ ਇੰਨਾਂ ਜਵਾਨਾਂ ਦੀ ਸ਼ਮੂਲੀਅਤ ਨਾਲ ਪੁਲਿਸ ਨੂੰ ਵੱਡਾ ਬਲ ਮਿਲਿਆ ਹੈ ਅਤੇ ਸਾਡੀ ਕੰਮ ਕਰਨ ਦੀ ਤਾਕਤ ਦੁੱਗਣੀ ਹੋ ਗਈ ਹੈ।

=====

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕਰਫਿਊ ਦੌਰਾਨ ਵੀ ਅਵਾਰਾ ਪਸ਼ੂਆਂ ਤੇ ਪੰਛੀਆਂ ਦੀ ਸੰਭਾਲ ਕਰ ਰਹੀਆਂ ਹਨ ਗੈਰ ਸਰਕਾਰੀ ਜਥੇਬੰਦੀਆਂ**

ਅੰਮ੍ਰਿਤਸਰ, 10 ਅਪ੍ਰੈਲ ( )-

ਗੁਰੂ ਨਗਰੀ ਅੰਮ੍ਰਿਤਸਰ ਵਿਚ ਜਿੱਥੇ ਕਰਫਿਊ ਦੇ ਦਿਨਾਂ ਦੌਰਾਨ ਵੀ ਲੋੜਵੰਦ ਲੋਕਾਂ ਤੱਕ ਲੰਗਰ ਤੇ ਸੁੱਕਾ ਰਾਸ਼ਨ ਪਹੁੰਚਾਉਣ ਲਈ ਸ਼ਹਿਰ ਦੇ ਲੋਕ ਵੱਡੀ ਗਿਣਤੀ ਵਿਚ ਪਹੁੰਚ ਕਰ ਰਹੇ ਹਨ, ਉਥੇ ਸ਼ਹਿਰ ਦੀਆਂ ਸੜਕਾਂ ਉਤੇ ਫਿਰਦੇ ਅਵਾਰਾ ਕੁੱਤਿਆਂ, ਗਾਵਾਂ ਅਤੇ ਸ਼ਹਿਰ ਦੇ ਕਈ ਚੌਕਾਂ ਵਿਚ ਵੱਡੀ ਗਿਣਤੀ ਵਿਚ ਬੈਠਦੇ ਕਬੂਤਰਾਂ ਤੇ ਹੋਰ ਪੰਛੀਆਂ ਦੀ ਸਾਂਭ-ਸੰਭਾਲ ਲਈ ਵੀ ਕਈ ਸੰਸਥਾਵਾਂ ਅੱਗੇ ਆਈਆਂ ਹਨ, ਜਿੰਨਾ ਨੇ ਪਸ਼ੂ ਪਾਲਣ ਵਿਭਾਗ ਤੋਂ ਬਕਾਇਦਾ ਕਰਫਿਊ ਪਾਸ ਬਣਾ ਕੇ ਇੰਨਾਂ ਬੇਜ਼ੁਬਾਨੇ ਜਾਨਵਰਾਂ ਦੀ ਮਦਦ ਦਾ ਬੀੜਾ ਚੁੱਕਿਆ ਹੈ। ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਪਵਨ ਮਲਹੋਤਰਾ ਨੇ ਦੱਸਿਆ ਕਿ ਸਾਡੇ ਕੋਲੋਂ 7 ਤੋਂ ਵੱਧ ਗੈਰ ਸਰਕਾਰੀ ਸੰਸਥਾਵਾਂ ਦੇ ਨੁਮਾਇਦੇ ਇੰਨਾਂ ਜਾਨਵਰਾਂ ਦੀ ਸਾਂਭ-ਸੰਭਾਲ ਲਈ ਪਹੁੰਚੇ ਸਨ ਅਤੇ ਅਸੀਂ ਉਨਾਂ ਨੂੰ ਇਸ ਕੰਮ ਲਈ ਬਕਾਇਦਾ ਕਰਫਿਊ ਪਾਸ ਜਾਰੀ ਕੀਤੇ ਹਨ, ਤਾਂ ਜੋ ਉਨਾਂ ਨੂੰ ਇਸ ਕੰਮ ਵਿਚ ਕੋਈ ਮੁਸ਼ਿਕਲ ਨਾ ਆਵੇ।

ਡਾ. ਮਲਹੋਤਰਾ ਨੇ ਦੱਸਿਆ ਕਿ ਜਾਨਵਰਾਂ ਦੀ ਸਾਂਭ-ਸੰਭਾਲ ਲਈ ਪਹੁੰਚ ਕਰਨ ਵਾਲੀਆਂ ਸੰਸਥਾਵਾਂ ਵਿਚ ਸ਼ਾਮਿਲ ਹਨ ਐਸ.ਪੀ.ਸੀ.ਏ. ਹਾਥੀ ਗੇਟ, ਐਨੀਮਲ ਵੇਲਫੇਅਰ ਟਰੱਸਟ, ਵਾਇਸ ਆਫ ਅੰਮ੍ਰਿਤਸਰ, ਐਨੀਮਲ ਹਿਊਮੈਨ, ਐਂਟੀ ਕਰਾਈਮ ਐਂਡ ਐਨੀਮਲ ਪ੍ਰੋਟੈਕਸ਼ਨ ਐਸੋਸੀਏਸ਼ਨ, ਗੁਪਤਾ ਪੰਜਾਬੀ ਜੁੱਤੀ ਵਾਲੇ ਅਤੇ ਗਊਸ਼ਾਲਾ ਆਫ ਅੰਮ੍ਰਿਤਸਰ। ਸ੍ਰੀ ਮਲੋਹਤਰਾ ਨੇ ਦੱਸਿਆ ਕਿ ਇੰਨਾਂ ਵਿਚੋਂ ਬਹੁਤੇ ਲੋਕ ਜਾਨਵਰਾਂ ਦੇ ਖਾਣ -ਪੀਣ ਦਾ ਪ੍ਰਬੰਧ ਕਰਦੇ ਹਨ ਅਤੇ ਕੁੱਝ ਬਿਮਾਰ ਤੇ ਜ਼ਖਮੀ ਜਾਨਵਰਾਂ ਦੀ ਸੇਵਾ ਕਰਨ ਵਿਚ ਵੀ ਲੱਗੇ ਹੋਏ ਹਨ। ਉਨਾਂ ਦੱਸਿਆ ਕਿ ਅਕਸਰ ਇਹ ਸਾਡੇ ਹਸਪਤਾਲਾਂ ਵਿਚ ਅਜਿਹੇ ਜਾਨਵਰ ਤੇ ਪੰਛੀ ਲੈ ਕੇ ਪੁੱਜਦੇ ਹਨ, ਜਿੱਤੇ ਸਾਡੀ ਡਾਕਟਰ ਸਾਹਿਬਾਨ ਇੰਨਾਂ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਗਊਸ਼ਾਲਾ ਦੀਆਂ ਗਾਵਾਂ ਨੂੰ ਤੂੜੀ ਅਤੇ ਹਰਾ ਚਾਰਾ ਦੇਣ ਲਈ ਆ ਰਹੇ ਹਨ, ਜਿੰਨਾ ਨੂੰ ਸਰਕਾਰ ਵੱਲੋਂ ਆਗਿਆ ਦਿੱਤੀ ਹੋਈ ਹੈ। ਇਸੇ ਦੌਰਾਨ ਇਨਵਾਇਰੋ ਵਰਲਡ ਆਰਗਾਇਨਜੇਸ਼ਨ ਦੇ ਪ੍ਰਧਾਨ ਡਾ. ਆਂਚਲ ਅਰੋੜਾ ਨੇ ਵੀ ਦੱਸਿਆ ਕਿ ਉਹ ਨਾ ਕੇਵਲ ਲੋੜਵੰਦ ਲੋਕਾਂ ਤੱਕ ਪੁਹੰਚ ਕਰ ਰਹੇ ਹਨ, ਬਲਕਿ ਗਲੀਆਂ-ਮੁਹੱਲਿਆਂ ਵਿਚ ਘੁੰਮਦੇ ਅਵਾਰਾ ਜਾਨਵਰਾਂ ਲਈ ਵੀ ਖਾਣੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਕੈਪਸ਼ਨ

ਗਲੀਆਂ ਵਿਚ ਫਿਰਦੇ ਅਵਾਰਾ ਜਾਨਵਰਾਂ ਨੂੰ ਭੋਜਨ ਛਕਾਉਂਦੇ ਇਨਵਾਇਰੋ ਵਰਲਡ ਦੇ ਮੈਂਬਰ।

===========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਘਰਾਂ ਵਿਚ ਮਨਾਉ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਪੁਰਬ ਅਤੇ ਵਿਸਾਖੀ-ਡਿਪਟੀ ਕਮਿਸ਼ਨਰ**

**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 400 ਵਾਂ ਪੁਰਬ ਵੱਡੇ ਪੱਧਰ ਉਤੇ ਮਨਾਏਗੀ ਸਰਕਾਰ**

ਅੰਮ੍ਰਿਤਸਰ, 10 ਅਪ੍ਰੈਲ ( )-

ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਤੇ ਖਾਲਸੇ ਦਾ ਸਾਜਨਾ ਦਿਹਾੜਾ ਜੋ ਕਿ ਕ੍ਰਮਵਾਰ 12 ਅਤੇ 13 ਅਪ੍ਰੈਲ ਨੂੰ ਆ ਰਹੇ ਹਨ, ਨੂੰ ਸਾਰੇ ਲੋਕ ਆਪਣੇ ਘਰਾਂ ਵਿਚ ਹੀ ਮਨਾਉਣ, ਤਾਂ ਕਿ ਤੁਹਾਡੇ ਸਾਰਿਆਂ ਦੇ ਸਾਥ ਨਾਲ ਕੋਵਿਡ 19 ਵਿਰੁੱਧ ਲੜੀ ਜਾ ਰਹੀ ਜੰਗ ਪ੍ਰਭਾਵਿਤ ਨਾ ਹੋਵੇ ਅਤੇ ਅਸੀਂ ਇਸ ਜੰਗ ਵਿਚ ਜੇਤੂ ਰਹੀਏ। ਉਕਤ ਸਬਦਾਂ ਦਾ ਪ੍ਰਗਟਾਵਾ ਕਰਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਇਸ ਬਾਬਤ ਆਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਪੰਜਾਬ ਸਰਕਾਰ ਨੇ ਵੀ ਕੋਵਿਡ 19 ਦੇ ਚੱਲਦੇ ਇਕੱਠ ਕਰਨ ਉਤੇ ਰੋਕ ਲਗਾਈ ਹੋਈ ਹੈ, ਸੋ ਸਾਰੇ ਜ਼ਿਲਾ ਵਾਸੀ ਇਸ ਵਾਰ ਇੰਨਾਂ ਵੱਡੇ ਤਿਉਹਾਰਾਂ ਨੂੰ ਆਪਣੇ-ਆਪਣੇ ਘਰਾਂ ਵਿਚ ਹੀ ਮਨਾਉਣ।

ਸ. ਢਿਲੋਂ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ, ਜੋ ਕਿ 2021 ਵਿਚ ਆਉਣਾ ਹੈ, ਨੂੰ ਵੱਡੇ ਪੱਧਰ ਉਤੇ ਮਨਾਉਣ ਲਈ ਪੰਜਾਬ ਸਰਕਾਰ ਨੇ ਜੰਗੀ ਪੱਧਰ ਉਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਇਸ 12 ਅਪ੍ਰੈਲ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਵੱਡਾ ਸਮਾਗਮ ਕਰਕੇ ਇੰਨਾਂ ਸਾਲ ਭਰ ਚੱਲਣ ਵਾਲੇ ਸਮਾਗਮਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਸੀ, ਪਰ ਕੋਵਿਡ 19 ਕਾਰਨ ਇਹ ਪ੍ਰੋਗਰਾਮ ਵੀ ਅੱਗੇ ਪਾ ਦਿੱਤਾ ਗਿਆ ਹੈ। ਉਨਾਂ ਕਿਹਾ ਕਿ 400 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਅਜੇ ਆਪਣੇ ਕੋਲ ਇਕ ਸਾਲ ਦਾ ਸਮਾਂ ਬਾਕੀ ਹੈ, ਸੋ ਇਨਾਂ ਪ੍ਰੋਗਰਾਮਾਂ ਦੀ ਰੂਪ-ਰੇਖਾ ਮੁੜ ਉਲੀਕੀ ਜਾਵੇਗੀ। ਇਸ ਵਾਰ ਦਾ ਪ੍ਰਕਾਸ਼ ਪੁਰਬ ਆਪਾਂ ਸਾਰੇ ਆਪਣੇ ਘਰਾਂ ਵਿਚ ਸਰਬਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਮਨਾਈਏ।

==========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਬੈਂਕ ਅਤੇ ਹਸਪਤਾਲ ਜਾਂਦੇ ਵਕਤ ਰੱਖੋ ਆਪਸੀ ਦੂਰੀ ਦਾ ਖਿਆਲ-ਸਿਵਲ ਸਰਜਨ

ਘਰੋਂ ਬਾਹਰ ਨਿਕਲਦੇ ਵਕਤ ਮਾਸਕ ਦੀ ਵਰਤੋਂ ਜ਼ਰੂਰ ਕਰੋ

ਅੰਮ੍ਰਿਤਸਰ, 10 ਅਪ੍ਰੈਲ ( )-

ਸਿਵਲ ਸਰਜਨ ਅੰਮ੍ਰਿਤਸਰ ਡਾ. ਜੁਗਲ ਕਿਸ਼ੋਰ, ਜਿੰਨਾ ਨੇ ਅੱਜ ਹੀ ਆਪਣਾ ਅਹੁਦਾ ਸੰਭਲਿਆ ਹੈ, ਨੇ ਕੋਰੋਨਾ ਵਾਇਰਸ ਦੇ ਫੈਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਵਿਚ ਬੈਂਕ ਅਤੇ ਹਸਪਤਾਲ ਜਾਂਦੇ ਲੋਕਾਂ ਨੂੰ ਸੁਚੇਤ ਕਰਦੇ ਕਿਹਾ ਕਿ ਦੋਵਾਂ ਥਾਵਾਂ ਉਤੇ ਹੀ ਆਪਸੀ ਦੂਰੀ, ਜੋ ਕਿ ਘੱਟੋ-ਘੱਟ 2 ਮੀਟਰ ਹੋਵੇ, ਨੂੰ ਹਰ ਥਾਂ ਬਣਾਈ ਰੱਖੋ। ਉਨਾਂ ਕਿਹਾ ਕਿ ਇਹ ਵਾਇਰਸ ਉਦੋਂ ਫੈਲਦਾ ਹੈ, ਜਦੋਂ ਕੋਈ ਇਸ ਵਾਇਰਸ ਦਾ ਪ੍ਰਭਾਵਿਤ ਵਿਅਕਤੀ ਖੰਘਦਾ ਜਾਂ ਛਿਕ ਮਾਰਦਾ ਹੈ। ਜਦੋਂ ਕੋਈ ਵਿਅਕਤੀ ਹਵਾ ਵਿਚ ਫੈਲੇ ਇੰਨਾਂ ਛਿੱਟਿਆਂ ਨੂੰ ਸਾਹ ਰਾਹੀਂ ਅੰਦਰ ਲੈ ਜਾਂਦਾ ਹੈ, ਤਾਂ ਉਹ ਇਸ ਵਾਇਰਸ ਦੇ ਸ਼ਿਕਾਰ ਵਿਚ ਆ ਜਾਂਦਾ ਹੈ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਦਰਵਾਜ਼ੇ, ਪੌੜੀ, ਲਿਫਟ, ਟੇਬਲ, ਪੈਨ, ਮੋਬਾਈਲ ਫੋਨ, ਏ. ਟੀ. ਐਮ, ਆਦਿ ਆਮ ਵਰਤੀਆਂ ਜਾਂਦੀਆਂ ਵਸਤਾਂ ਜਿੰਨਾ ਉਤੇ ਕਿਸੇ ਆਦਮੀ ਦੇ ਥੁੱਕ ਆਦਿ ਲੱਗਾ ਹੋਵੇ, ਤਾਂ ਉਥੇ ਲੱਗੇ ਹੱਥ ਜਦੋਂ ਇਕ ਤੰਦਰੁਸਤ ਆਦਮੀ ਆਪਣੇ ਮੂੰਹ ਜਾਂ ਨੱਕ ਨੂੰ ਲਗਾ ਲਵੇ ਤਾਂ ਵੀ ਇਹ ਵਾਇਰਸ ਉਸ ਆਦਮੀ ਦੇ ਅੰਦਰ ਦਾਖਲ ਹੋ ਜਾਂਦਾ ਹੈ।

ਉਨਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਹਰ ਵਿਅਕਤੀ ਬਾਹਰ ਨਿਕਲਣ ਵੇਲੇ ਮਾਸਕ ਦੀ ਵਰਤੋਂ ਕਰੇ। ਜਨਤਕ ਥਾਵਾਂ ਦੀਆਂ ਹਰੇਕ ਵਸਤਾਂ ਨੂੰ ਇੰਝ ਵੇਖੋ, ਜਿਵੇਂ ਉਨਾਂ ਉਤੇ ਵਾਇਰਸ ਬੈਠਾ ਹੋਵੇ, ਮਤਲਬ ਇਨਾਂ ਥਾਵਾਂ ਉਤੇ ਕਿਸੇ ਵੀ ਚੀਜ਼ ਨੂੰ ਛੂਹਣ ਮਗਰੋਂ ਆਪਣੇ ਹੱਥ ਅਲਕੋਹਲ ਅਧਾਰਿਤ ਸੈਨੇਟਾਇਜ਼ਰ ਜਾਂ ਸਾਬਣ ਨਾਲ ਚੰਗੀ ਤਰਾਂ ਧੋਵੋ। ਜਨਤਕ ਸਥਾਨ ਤੋਂ ਵਾਪਸ ਆਉਣ ਲੱਗੇ ਜਦ ਵੀ ਆਪਣੀ ਕਾਰ ਜਾਂ ਮੋਟਰ ਸਾਈਕਲ, ਸਕੂਟਰ ਆਦਿ ਦੀ ਵਰਤੋਂ ਕਰੋ, ਉਸ ਉਤੇ ਸਵਾਰ ਹੋਣ ਤੋਂ ਪਹਿਲਾਂ ਭਾਵ ਕਾਰ ਦਾ ਦਰਵਾਜ਼ਾ ਆਦਿ ਖੋਲਣ ਤੋਂ ਪਹਿਲਾਂ ਹੀ ਆਪਣੇ ਹੱਥ ਸਾਫ ਕਰ ਲਵੋ। ਇਸੇ ਤਰਾਂ ਘਰ ਦਾਖਲ ਹੋਣ ਸਾਰ ਹੀ ਕਿਸੇ ਵਸਤੂ ਨੂੰ ਹੱਥ ਲਗਾਉਣ ਤੋਂ ਪਹਿਲਾਂ ਆਪਣੇ ਬੂਟ ਜਾਂ ਚੱਪਲ ਵਿਹੜੇ ਵਿਚ ਹੀ ਉਤਾਰੋ, ਪਰਸ, ਗੱਡੀ ਦੀ ਚਾਬੀ ਆਦਿ ਬਾਹਰ ਹੀ ਕਿਸੇ ਬਾਕਸ ਵਿਚ ਪਾ ਦਿਉ ਅਤੇ ਨਹਾ ਕੇ ਕੱਪੜੇ ਬਦਲੋ। ਇਸ ਮਗਰੋਂ ਹੀ ਪਰਿਵਾਰ ਦੇ ਕਿਸੇ ਮੈਂਬਰ ਨੂੰ ਮਿਲੋ ਜਾਂ ਕਿਸੇ ਚੀਜ਼ ਨੂੰ ਹੱਥ ਲਗਾਉ।

======

ਦਫ਼ਤਰ ਜਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਹਾਰਵੈਸਟਰ ਕੰਬਾਇਨਾਂ, ਸਟਰਾਅ ਰੀਪਰਾਂ ਦੇ ਓਪਰੇਟਰਾਂ ਨੂੰ ਕਰਫਿਊ ਪਾਸ ਜਾਰੀ ਕੀਤੇ-ਡਿਪਟੀ ਕਮਿਸ਼ਨਰ**

**ਹਾੜੀ ਦੀ ਫਸਲ ਕਣਕ ਦੀ ਕਟਾਈ ਲਈ ਖੇਤੀਬਾੜੀ ਵਿਭਾਗ ਨੇ ਕੱਸੀ ਕਮਰ**

ਅੰਮ੍ਰਿਤਸਰ 10 ਅਪਰੈਲ ( )-

ਹਾੜੀ ਦੀ ਮੁੱਖ ਫਸਲ ਕਣਕ ਦੀ ਕਟਾਈ/ਗਹਾਈ ਕਰੀਬ 8-10 ਦਿਨਾਂ ਤੱਕ ਜ਼ਿਲੇ ਅੰਦਰ ਅੰਮ੍ਰਿਤਸਰ ਵਿੱਚ ਸ਼ੁਰੂ ਹੋਣ ਜਾ ਰਹੀਂ ਹੈ।ਕੋਰੋਨਾ ਵਾਇਰਸ ਦੀ ਬਿਮਾਰੀ ਕਾਰਨ ਗੰਭੀਰ ਸਥਿਤੀ ਦੇਖਦਿਆ ਪੰਜਾਬ ਸਰਕਾਰ ਵੱਲੋਂ ਕਰਫਿਊ ਲਗਾਇਆ ਹੋਇਆ ਹੈ।ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲਾ ਅੰਮ੍ਰਿਤਸਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਕਣਕ ਦੀ ਕਟਾਈ ਲਈ ਹਾਰਵੈਸਟਰ ਕੰਬਾਇਨਾਂ ਅਤੇ ਪਸ਼ੂਆ ਦੇ ਚਾਰੇ ਲਈ ਤੂੜੀ ਬਨਾਉਣ ਲਈ ਸਟਰਾਅ ਰੀਪਰਾਂ ਦੇ ਓਪਰੇਟਰਾਂ/ਮਾਲਕਾਂ ਨੂੰ ਕਰਫਿਊ ਪਾਸ ਜ਼ਿਲਾ ਮਜਿਸਟਰੇਟ ਅੰਮ੍ਰਿਤਸਰ ਦੀਆਂ ਹਦਾਇਤਾਂ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਦੇ ਦਫਤਰ ਤੋਂ ਜਾਰੀ ਕੀਤੇ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ: ਸ਼ਿਵਦੁਲਾਰ ਸਿੰਘ ਢਿਲੋ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦੱਸਿਆ ਕਿ ਕਣਕ ਦੀ ਕਟਾਈ ਲਈ ਕੁੱਝ ਹਾਰਵੈਸਟਰ ਕੰਬਾਇਨਾਂ ਅਤੇ ਸਟਰਾਅ ਰੀਪਰ ਸਟੇਟ ਤੋਂ ਬਾਹਰ ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ, ਯੂ.ਪੀ. ਅਦਿ ਵਿਖੇ ਜਾ ਕੇ ਕਣਕ ਦੀ ਕਟਾਈ ਕਰਕੇ ਵਾਪਿਸ ਪੰਜਾਬ ਵਿੱਚ ਆਉਦੀਆਂ ਹਨ।ਇਸੇ ਤਰਾਂ ਰਿਪੇਅਰ ਆਦਿ ਕਰਾਉਣ ਲਈ ਮਕੈਨਿਕਲ ਵਰਕਸ਼ਾਪ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ ਨੂੰ ਵੀ ਸਵੇਰੇ 6 ਵਜੇ ਤੋਂ ਲੈ ਕੇ ਸਵੇਰੇ 10 ਵਜੇ ਤੱਕ ਖੋਲਣ ਦੇ ਪਾਸ ਜਾਰੀ ਕੀਤੇ ਗਏ ਹਨ।

ਮੁੱਖ ਖੇਤੀਬਾੜੀ ਅਫਸਰ ਡਾ. ਹਰਿੰਦਰਜੀਤ ਸਿੰਘ ਅਤੇ ਖੇਤੀ ਇੰਜੀਨੀਅਰ ਰਣਬੀਰ ਸਿੰਘ ਰੰਧਾਵਾ ਦੇ ਦੱਸਣ ਅਨੁਸਾਰ ਜ਼ਿਲੇ ਅੰਦਰ ਅੱਜ ਤੱਕ 568 ਕੰਬਾਇਨਾਂ ਅਤੇ ਕਰੀਬ 700 ਸਟਰਾਅ ਰੀਪਰ ਮਾਲਕਾ/ਓਪਰੇਟਰਾਂ ਨੂੰ ਕਰਫਿਊ ਪਾਸ ਜਾਰੀ ਕੀਤੇ ਗਏ ਹਨ।ਇਸ ਦੇ ਨਾਲ ਹੀ ਇਨਾਂ ਸਾਰੀ ਖੇਤੀ ਮਸ਼ੀਨਾਂ ਦਾ ਕੰਮ ਕਰਨ ਵਾਲੇ ਓਪਰੇਟਰ/ਹੈਲਪਰ ਕਾਮਿਆ ਨੂੰ ਸਮਾਜਿਕ ਦੂਰੀ ਰੱਖਣ, ਆਪਣੇ ਮੂੰਹ ਨੂੰ ਮਾਸਕ ਜਾਂ ਸਾਫ ਕਪੜੇ ਨਾਲ ਢੱਕਣ, ਹੱਥ-ਬਾਵਾਂ ਬਾਰ ਬਾਰ ਸਾਬਣ ਨਾਲ ਧੋਣ ਅਤੇ ਸੈਨੀਟਾਈਜ਼ਰ ਅਤੇ ਇਕ ਪਿੱਠੂ ਸਪਰੇਅ ਪੰਪ ਨਾਲ ਮਸ਼ੀਨ ਸਮੇਤ ਆਪਣੇ ਸ਼ਰੀਰ ਤੇ ਸਪਰੇਅ ਕਰਨ ਲਈ ਖਾਸ ਹਦਾਇਤਾਂ ਕੀਤੀਆਂ ਗਈਆਂ ਹਨ।ਇਸੇ ਸਬੰਧੀ ਕੰਬਾਇਨ/ਸਟਰਾਅ ਰੀਪਰ ਮਾਲਕ/ਓਪਰੇਟਰਾਂ ਨੂੰ ਲੋੜੀਂਦਾ ਸੈਨੀਟਾਈਜ਼ਰ ਨਾਲ ਰੱਖਣਾ ਜਰੂਰੀ ਹੋਵੇਗਾ।ਬਾਹਰਲੇ ਸੂਬੇ ਤੋਂ ਵਾਪਿਸ ਆਈਆਂ ਕੰਬਾਇਨਾਂ ਨੂੰ ਵੀ ਜ਼ਿਲੇ ਅੰਦਰ ਪਿੰਡਾਂ ਵਿੱਚ ਕਣਕ ਦੀ ਕਟਾਈ ਕਰਨ ਸਮੇਂ ਸੈਨੇਟਾਈਜ਼ ਕਰਨ ਦੀਆਂ ਹਦਾਇਤਾਂ ਮਾਨਯੋਗ ਖੇਤੀਬਾੜੀ ਸੈਕਟਰੀ ਪੰਜਾਬ ਸ. ਕਾਹਨ ਸਿੰਘ ਪਨੂੰ ਜੀ ਦੀਆਂ ਪ੍ਰਾਪਤ ਹੋਈਆਂ ਹਦਾਇਤਾਂ ਬਲਾਕ ਖੇਤੀਬਾੜੀ ਅਫਸਰਾਂ ਨੂੰ ਇਨ ਬਿਨ ਪਾਲਣਾ ਕਰਨ ਲਈ ਭੇਜ ਦਿੱਤੀਆ ਗਈਆਂ ਹਨ ਤਾਂ ਜੋ ਖੇਤਾਂ ਵਿੱਚ ਕੰਮ ਕਰਨ ਵਾਲੇ ਚਾਲਕਾ/ਕਾਮਿਆ ਨੂੰ ਸੁਰੱਖਿਅਤ ਕੀਤਾ ਜਾ ਸਕੇ।ਖੇਤੀਬਾੜੀ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਕਣਕ ਦੀ ਫਸਲ ਨੂੰ ਬਿਲਕੁਲ ਸੁਕਾ ਕੇ ਹੀ ਕਟਾਇਆ ਜਾਵੇ ਅਤੇ ਕਾਹਲੀ ਵਿੱਚ ਗਿੱਲੀ ਕਣਕ ਦੀ ਕਟਾਈ ਨਾ ਕੀਤੀ ਜਾਵੇ।ਕਣਕ ਦੀ ਕਟਾਈ ਕਰਨ ਉਪਰੰਤ ਪਸ਼ੂਆਂ ਦੇ ਚਾਰੇ ਲਈ ਤੂੜੀ ਬਨਾਉਣ ਲਈ 1

ਮਈ ਤੋਂ ਪਹਿਲਾਂ ਸਟਰਾਅ ਰੀਪਰ ਬਿੱਲਕੁਲ ਨਾ ਚਲਾਏ ਜਾਣ ਅਤੇ ਪਿੱਛੋ ਬਚੇ ਥੋੜੇ ਜਿਹੇ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਹਦਾਇਤ ਵੀ ਕੀਤੀ ਹੈ।ਇਸੇ ਤਰਾਂ ਮੰਡੀਆ ਵਿੱਚ ਸਰਕਾਰ ਦੀਆਂ ਹਦਾਇਤਾਂ ਕਣਕ ਵੇਚਣ ਥੋੜੀ ਥੋੜੀ ਕਰੇ ਲਿਆਂਦੀ ਜਾਵੇ ਤਾਂ ਜੋ ਮੰਡੀਆਂ ਵਿੱਚ ਬੇਲੋੜੀ ਭੀੜ ਇਕੱਠੀ ਨਾ ਹੋ ਸਕੇ।

ਕੈਪਸ਼ਨ : ਫਾਇਲ ਫੋਟੋ ਮੁੱਖ ਖੇਤੀਬਾੜੀ ਅਫਸਰ ਡਾ. ਹਰਿੰਦਰਜੀਤ ਸਿੰਘ ਅਤੇ ਖੇਤੀ ਇੰਜੀਨੀਅਰ ਰਣਬੀਰ ਸਿੰਘ ਰੰਧਾਵਾ

=========